**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਐਸ.ਏ.ਐਸ.ਨਗਰ**

**ਫੋਨ ਨੰਬਰ:0172-2212221**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)/(ਸੈ.ਸਿ.)
ਸਮੂਹ ਪ੍ਰਿੰਸੀਪਲ ਡਾਇਟ,
ਬੀ.ਐਨ.ਓਜ਼,
ਸਮੂਹ ਡੀ.ਐਮਜ਼.(ਸਾਰੇ ਵਿਸ਼ੇ),
ਸਮੂਹ ਸਕੂਲ ਮੁਖੀ, (ਵੈਬਸਾਇਟ ਰਾਹੀਂ)
(ਪ੍ਰਾਈਵੇਟ, ਏਡਿਡ, ਨਵੋਦਿਆ, ਕੇਂਦਰੀ ਵਿਦਿਆਲਿਆ)
ਪੰਜਾਬ।

ਮੀਮੋ ਨੰ: SCERT/SCI/2021312261
ਮਿਤੀ: 09-09-2021

**ਵਿਸ਼ਾ: ਏਡਿਡ,ਪ੍ਰਾਈਵੇਟ, ਨਵੋਦਿਆ/ਕੇਂਦਰੀ ਵਿਦਿਆਲਿਆ ਅਤੇ ਹੋਰ ਸਕੂਲਾਂ ਦੇ ਵਿਸ਼ਾ ਅਧਿਆਪਕਾਂ ਦੀ ਜ਼ਿਲ੍ਹਾ ਪੱਧਰ ਤੇ ਇੱਕ ਰੋਜ਼ਾ ਟ੍ਰੇਨਿੰਗ ਕਰਵਾਉਣ ਬਾਰੇ।**

**ਹਵਾਲਾ: ਪੱਤਰ ਨੰ: SCERT/SCI/2021310771 ਮਿਤੀ: 08-09-2021.**

**1.0** ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਭਾਰਤ ਸਰਕਾਰਵੱਲੋਂ National Achievement Survey 2021, 12 ਨਵੰਬਰ 2021 ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸਰਕਾਰੀ ਸਕੂਲਾਂ ਤੋਂ ਇਲਾਵਾ ਰਾਜ ਦੇ ਏਡਿਡ,ਪ੍ਰਾਈਵੇਟ,ਨਵੋਦਿਆ/ਕੇਂਦਰੀ ਵਿਦਿਆਲਿਆ ਅਤੇ ਹੋਰ ਸਕੂਲਾਂ ਦੇ ਵਿਦਿਆਰਥੀਆਂ ਦੀ ਭਾਗੀਦਾਰੀ ਵੀ ਲਾਜਮੀ ਹੁੰਦੀ ਹੈ। ਇਸ ਲਈ ਵਿਦਿਆਰਥੀਆਂ ਨੂੰ ਇਸ ਸਰਵੇ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਉਪਰੋਕਤ ਦੱਸੇ ਅਨੁਸਾਰ ਸਕੂਲਾਂ ਦੇ ਵਿਸ਼ਾ ਅਧਿਆਪਕਾਂ (NAS 2021ਵਿੱਚ ਆਉਣ ਵਾਲੇ ਵਿਸ਼ਿਆਂ) ਦੀ ਟ੍ਰੇਨਿੰਗ ਕਰਵਾਈ ਜਾਣੀ ਹੈ।

3.0 ਇਹਨਾਂ ਸਕੂਲਾਂ ਦੇ ਜਮਾਤ ਤੀਜੀ ਅਤੇ ਪੰਜਵੀਂ (ਵਾਤਾਵਰਨ ਸਿੱਖਿਆ, ਗਣਿਤ ਤੇ ਪੰਜਾਬੀ ਵਿਸ਼ਾ) ਪੜ੍ਹਾਉਂਦੇ ਅਧਿਆਪਕਾਂ ਵਿੱਚੋਂ ਪ੍ਰਤੀ ਵਿਸ਼ਾ ਇੱਕ ਅਧਿਆਪਕ, ਜਮਾਤ 8ਵੀਂ ਅਤੇ10ਵੀਂ (ਅੰਗ੍ਰੇਜੀ, ਪੰਜਾਬੀ, ਗਣਿਤ, ਹਿੰਦੀ, ਵਿਗਿਆਨ ਅਤੇ ਸਮਾਜਿਕ ਸਿੱਖਿਆ ਵਿਸ਼ਾ) ਪੜ੍ਹਾਉਂਦੇ ਅਧਿਆਪਕਾਂ ਵਿੱਚੋਂ ਪ੍ਰਤੀ ਵਿਸ਼ਾ ਇੱਕ ਅਧਿਆਪਕ ਇਸ ਟ੍ਰੇਨਿੰਗ ਵਿੱਚ ਭਾਗ ਲੈਣਗੇ।

4.0 ਇਹ ਇੱਕ ਰੋਜਾ ਵਿਸ਼ਾਵਾਰ ਟ੍ਰੇਨਿੰਗ ਮਿਤੀ 09-09-2021 ਤੋਂ ਮਿਤੀ 16-09-2021 ਤੱਕ ਦੇ ਸਮੇਂ ਦੌਰਾਨ ਕਰਵਾਈ ਜਾਵੇਗੀ।

5.0 ਜਿਹੜੇ ਅਧਿਆਪਕ ਉਕਤ ਟ੍ਰੇਨਿੰਗ ਪ੍ਰਾਪਤ ਕਰਨਗੇ, ਉਹ ਆਪਣੇ ਸਕੂਲਾਂ ਵਿੱਚ ਤੀਜੀ, ਪੰਜਵੀਂ, ਅੱਠਵੀਂ ਅਤੇ ਦੱਸਵੀਂ ਜਮਾਤ ਨੂੰ ਪੜ੍ਹਾਉਣ ਵਾਲੇ ਦੂਸਰੇ ਅਧਿਆਪਕਾਂ ਨੂੰ ਇਹ ਟ੍ਰੇਨਿੰਗ ਦੇਣਗੇ। ਉਦਾਹਰਣ ਵੱਜੋਂ ਜੇਕਰ ਕਿਸੇ ਸਕੂਲ ਵਿੱਚ ਇੱਕ ਤੋਂ ਵੱਧ ਸੈਕਸ਼ਨ ਹਨ ਅਤੇ ਉਸ ਵਿਸ਼ੇ ਨੂੰ ਪੜ੍ਹਾਉਣ ਵਾਲੇ ਅਧਿਆਪਕ ਇੱਕ ਤੋਂ ਵੱਧ ਹਨ ਤਾਂ ਉਨ੍ਹਾਂ ਨੂੰ ਜੋ ਅਧਿਆਪਕ ਟ੍ਰੇਨਿੰਗ ਲੈ ਚੁੱਕਿਆ ਹੈ, ਉਹ ਬਾਕੀ ਅਧਿਆਪਕਾਂ ਨੂੰ ਟ੍ਰੇਨਿੰਗ ਦੇਵੇਗਾ।

6.0 ਟ੍ਰੇਨਿੰਗ ਪ੍ਰਾਪਤ ਕਰ ਰਿਹਾ ਅਧਿਆਪਕ ਆਪਣੇ ਸਕੂਲ ਵਿੱਚ ਬਤੌਰ ਵਿਸ਼ਾ ਨੋਡਲ ਅਧਿਆਪਕ ਵੱਜੋਂ ਕੰਮ ਕਰੇਗਾ ਤਾਂ ਜੋ ਉਸਨੂੰ ਅੱਗੇ ਤੋਂ ਵੀ NAS ਸਬੰਧੀ ਹਦਾਇਤਾਂ/ਸੂਚਨਾਵਾਂ ਦਿੱਤੀਆਂ ਜਾ ਸਕਣ।

ਸਲਿੰਦਰ ਸਿੰਘ, ਸਹਾਇਕ ਡਾਇਰੈਕਟਰ
ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।